

# ਕੀ ਤੁਸੀ ਇੱਕ ਨਿੱਜੀ ਸੇਵਾਵਾਂ ਦਾ ਕਾਰੋਬਾਰ ਚਲਾ ਰਹੇ ਹੋ?

ਜੇ ਤੁਸੀ ਆਪਣਾ ਕਾਰੋਬਾਰ ਕਿਸੇ ਹੋਰ ਕੰਪਨੀ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤਾ ਹੈ, ਤਾਂ ਤੁਹਾਨੂੰ ਇੱਕ ਨਿੱਜੀ ਸੇਵਾਵਾਂ ਦਾ ਕਾਰੋਬਾਰ (PSB) ਚਲਾਉਣ ਵਾਲਾ ਸਮਝਿਆ ਜਾ ਸਕਦਾ ਹੈ। ਆਮ ਤੌਰ ਤੇ, ਇੱਕ PSB ਉਦੋਂ ਅਮਲ ਵਿੱਚ ਆਉਂਦਾ ਹੈ ਜਦੋਂ ਕੰਮ ਕਰਨ ਵਾਲੇ ਵਿਅਕਤੀ ਨੂੰ ਭਰਤੀ ਕਰਨ ਵਾਲੀ ਕੰਪਨੀ ਦਾ ਕਰਮਚਾਰੀ ਮੰਨਿਆ ਜਾਂਦਾ ਹੈ, ਜੇਕਰ ਕੰਪਨੀ ਦੀ ਹੋਂਦ ਲਈ ਨਹੀਂ ਹੁੰਦਾ।

## PSB ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ

**PSB ਦੀਆਂ ਹੇਠ ਲਿਖੀਆਂ ਜ਼ਿੰਮੇਵਰਿਆਂ ਹਨ:**

- ✓ ਕਾਰਪੋਰੇਸ਼ਨ ਇਨਕਮ ਟੈਕਸ ਰਿਟਰਨ ਦਾਇਰ ਕਰਨਾ
- ✓ ਆਪਣੇ ਕਰਮਚਾਰੀ(ਆਂ) ਨੂੰ T4 ਸਲਿੱਪ(ਪਾਂ) ਜਾਰੀ ਕਰਨਾ
- ✓ GST/HST ਰਿਟਰਨ ਦਾਇਰ ਕਰਨਾ

**PSB ਦੁਆਰਾ ਸ਼ਾਮਲ ਕੀਤੇ ਗਏ ਕਰਮਚਾਰੀ ਲਈ ਲੋੜੀਂਦਾ ਹੈ ਕਿ ਉਹ:**

- ✓ ਨਿੱਜੀ ਆਮਦਨ ਟੈਕਸ ਅਤੇ ਲਾਭ ਰਿਟਰਨ ਦਾਇਰ ਕਰੇ

**PSB ਤੇ ਹੇਠ ਦੱਸਿਆ ਲਾਗੂ ਹੁੰਦਾ ਹੈ:**

- ✓ ਸਾਰੇ ਫੈਡਰਲ ਅਤੇ ਸੂਬਈ ਕਾਰਪੋਰੇਟ ਟੈਕਸ ਦਰ
- ✓ PSB ਆਮਦਨ ਤੇ ਵਾਧੂ 5% ਟੈਕਸ

**PSB ਹੇਠ ਦੱਸੇ ਲਈ ਯੋਗ ਨਹੀ ਹੈ:**

- x ਛੋਟੇ ਕਾਰੋਬਾਰ ਦੇ ਲਈ ਕਟੌਤੀ ਦਾ ਦਾਅਵਾ ਕਰਨ ਲਈ
- x ਆਮ ਟੈਕਸ ਦਰ ਕਟੌਤੀ ਦਾ ਦਾਅਵਾ ਕਰਨ ਲਈ
- x ਸਾਰੇ ਖਰਚੇ ਘਟਾਉਣ ਲਈ

## PSB ਪਾਇਲਟ: ਤੁਹਾਡੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਾ

2022 ਵਿੱਚ, ਕੈਨੇਡਾ ਰੈਵੇਨਿਊ ਏਜੰਸੀ ਨੇ PSB ਦੇ ਵਪਾਰਕ ਅਭਿਆਸਾਂ ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਨੂੰ ਆਪਣੀਆਂ ਟੈਕਸ ਜ਼ਿੰਮੇਵਾਰੀਆਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਮਦਦ ਕਰਨ ਲਈ ਇੱਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ।

1. **ਪਹਿਲਾ ਪੜਾਅ (ਜੂਨ ਤੋਂ ਦਸੰਬਰ 2022):** ਉਹਨਾਂ ਦੇ ਰਿਕਾਰਡਾਂ (PSB ਦੇ ਗਾਹਕ) ਦੀ ਸਵੈਇੱਛਕ ਸਮੀਖਿਆ ਰਾਹੀਂ ਭਰਤੀ ਕਰਨ ਵਾਲੇ ਕਾਰੋਬਾਰਾਂ ਅਤੇ ਉਦਯੋਗਾਂ ਦੀ ਪਛਾਣ।
2. **ਦੂਜਾ ਪੜਾਅ (ਅਕਤੂਬਰ 2023 ਤੋਂ ਪਤਝੜ 2024):** ਸਿਖਿਅਕ ਪਹੁੰਚ ਰਾਹੀਂ ਸੰਭਾਵੀ PSB ਦੀ ਪਛਾਣ ਕਰਨਾ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਇਸ ਵਪਾਰਕ ਮਾਡਲ ਦਾ ਵਰਤੋਂ ਕਿਵੇਂ ਅਤੇ ਕਿਉਂ ਕਰਦੇ ਹਨ ਅਤੇ ਉਨ੍ਹਾਂ ਨੂੰ ਉਹਨਾਂ ਦੇ ਟੈਕਸ ਦਾਇਰ ਕਰਨ ਦੀਆਂ ਜ਼ਿੰਮੇਵਾਰੀਆਂ ਬਾਰੇ ਸਿੱਖਿਆ ਦਿੰਦੇ ਹਨ।

ਦੋਨੋਂ ਪੜਾਅ ਦੇ ਨਤੀਜੇ ਭਵਿੱਖ ਵਿੱਚ ਸਿੱਖਿਆਤਮਕ ਅਤੇ ਭਾਗੀਦਾਰੀ ਦੀਆਂ ਗਤੀਵਿਧੀਆਂ ਨੂੰ ਨਿਰਧਾਰਿਤ ਕਰਨ ਵਿੱਚ ਮਦਦ ਕਰਨਗੇ।

---

### ਕੀ ਤੁਹਾਨੂੰ ਯਕੀਨ ਨਹੀ ਕਿ ਤੁਸੀ PSB ਹੋ? ਵਧੇਰੀ ਜਾਣਕਾਰੀ ਲਈ ਇਸ ਵੈੱਬਸਾਈਟ ਤੇ ਜਾਓ:

canada.ca/personal-services-business

### ਪਾਇਲਟ ਬਾਰੇ ਵਧੇਰੀ ਜਾਣਕਾਰੀ ਲਈ ਇਸ ਵੈੱਬਸਾਈਟ ਤੇ ਜਾਓ:

canada.ca/personal-services-business-pilot

Canada Revenue Agency
Agence du revenu du Canada
Canada